# SOGI ਲਿੰਗਕ ਰੁਚੀ ਅਤੇ ਲਿੰਗਕ ਪਛਾਣ

Surrey Schools
LEADERSHIP IN LEARNING

## ਐਲੀਮੈਂਟਰੀ ਸਕੂਲ ਦੇ ਕਲਾਸ ਰੂਮ ਵਿੱਚ ਸਾਰਿਆਂ ਨੂੰ ਸ਼ਾਮਲ ਕਰਨ ਵਾਲੀ ਸੋਜੀ (SOGI) ਦੀ ਵਿਦਿਆ ਕਿਸ ਤਰ੍ਹਾਂ ਦੀ ਹੈ?

ਲਿੰਗਕ ਰੁਚੀ ਅਤੇ ਲਿੰਗਕ ਪਛਾਣ (SOGI) ਇਕ ਵੱਖਰਾ ਪਾਠਕ੍ਰਮ ਨਹੀਂ ਹੈ। ਸਾਰਿਆਂ ਨੂੰ ਸ਼ਾਮਲ ਕਰਨ ਵਾਲੀ ਸੋਜੀ ਦੀ ਵਿਦਿਆ ਵਿੱਚ ਪਛਾਣ ਅਤੇ ਸ਼ਮੂਲੀਅਤ ਸਮੇਤ ਕਈ ਤਰ੍ਹਾਂ ਦੇ ਵਿਸ਼ੇ ਸ਼ਾਮਲ ਹਨ। ਇਸ ਦਾ ਮਕਸਦ ਬੁਲੀਇੰਗ (ਧੱਕੇਸ਼ਾਹੀ) ਅਤੇ ਵਿਤਕਰੇ ਨੂੰ ਘਟਾਉਣਾ ਹੈ, ਅਤੇ ਇਹ ਕਾਮਕਤਾ (ਸੈਕਸੁਐਲਟੀ) 'ਤੇ ਕੇਂਦਰਿਤ **ਨਹੀਂ** ਹੈ।

ਐਲੀਮੈਂਟਰੀ ਸਕੂਲ ਦੇ ਕਲਾਸਰੂਮਾਂ ਵਿੱਚ ਸਾਰਿਆਂ ਨੂੰ ਸ਼ਾਮਲ ਕਰਨ ਵਾਲੀ ਸੋਜੀ (SOGI) ਦੀ ਵਿਦਿਆ ਇਕ ਅਜਿਹੀ ਪਹੁੰਚ ਹੈ ਜੋ ਲਿੰਗਕ ਰੁਚੀ ਜਾਂ ਲਿੰਗਕ ਪਛਾਣ ਵੱਲ ਧਿਆਨ ਦਿੱਤੇ ਬਿਨਾਂ ਸਾਰੇ ਵਿਦਿਆਰਥੀਆਂ ਲਈ ਸੁਰੱਖਿਅਤ, ਆਦਰ ਭਰਪੂਰ, ਅਤੇ ਸਾਰਿਆਂ ਨੂੰ ਸ਼ਾਮਲ ਕਰਨ ਵਾਲੇ ਸਕੂਲ ਦੇ ਮਾਹੌਲ ਨੂੰ ਉਤਸ਼ਾਹਿਤ ਕਰਦੀ ਹੈ। ਇਹ ਵੰਨ-ਸੁਵੰਨਤਾ, ਹਮਦਰਦੀ, ਅਤੇ ਆਦਰ ਨੂੰ ਉਤਸ਼ਾਹਿਤ ਕਰ ਕੇ ਹਰ ਬੱਚੇ ਲਈ ਇਕ ਸਵਾਗਤ ਭਰਪੂਰ ਅਤੇ ਸਾਰਿਆਂ ਦੀ ਸ਼ਮੂਲੀਅਤ ਵਾਲੇ ਸਿੱਖਣ ਦੇ ਮਾਹੌਲ ਦਾ ਸਮਰਥਨ ਕਰਦੀ ਹੈ। ਟੀਚਰ ਇਸ ਗੱਲ ਦਾ ਧਿਆਨ ਰੱਖਦੇ ਹਨ ਕਿ ਸਾਰੇ ਵਿਸ਼ੇ ਉਮਰ ਅਨੁਸਾਰ ਢੁਕਵੇਂ ਢੰਗਾਂ ਨਾਲ ਪੜ੍ਹਾਏ ਜਾਣ।

### ਸਾਰਿਆਂ ਦੀ ਸ਼ਮੂਲੀਅਤ ਵਾਲਾ ਮਾਹੌਲ ਪੈਦਾ ਕਰਨਾ:

- **ਵੰਨ-ਸੁਵੰਨਤਾ ਦਾ ਸਤਿਕਾਰ:** ਇਹ ਯਕੀਨੀ ਬਣਾਉਣ ਲਈ ਕਿ ਸਾਰੇ ਵਿਦਿਆਰਥੀ ਇਹ ਸਮਝਣ ਕਿ ਉਹਨਾਂ ਦੀ ਕਦਰ ਕੀਤੀ ਜਾ ਰਹੀ ਹੈ ਅਤੇ ਉਹ ਸਭ ਕੁੱਝ ਦਾ ਹਿੱਸਾ ਹਨ, ਟੀਚਰ ਵੰਨ-ਸੁਵੰਨੀ ਬਣਤਰ ਵਾਲੇ ਪਰਿਵਾਰਾਂ, ਅਤੇ ਲਿੰਗਕ-ਪਛਾਣਾਂ ਲਈ ਸਮਝ ਅਤੇ ਸਤਿਕਾਰ ਨੂੰ ਉਤਸ਼ਾਹਿਤ ਕਰਦੇ ਹਨ।
- **ਸ਼ਮੂਲੀਅਤ ਵਾਲੀ ਭਾਸ਼ਾ:** ਕਲਾਸਰੂਮਾਂ ਵਿਚਲੇ ਵਿਚਾਰ-ਵਟਾਂਦਰੇ ਅਤੇ ਸਮੱਗਰੀ ਵਿੱਚ ਵਿਦਿਆਰਥੀਆਂ ਦੀਆਂ ਪਛਾਣਾਂ ਦਾ ਸਤਿਕਾਰ ਕਰਨ ਵਾਲੀ ਸਾਰਿਆਂ ਨੂੰ ਸ਼ਾਮਲ ਕਰਨ ਵਾਲੀ ਭਾਸ਼ਾ ਵਰਤੀ ਜਾਂਦੀ ਹੈ।
- **ਪ੍ਰਤੱਖ (ਵਿਜ਼ੀਬਲ) ਸਮਰਥਨ:** ਸਕੂਲ ਦੀ ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਲਈ ਵਚਨਬੱਧਤਾ ਦੀ ਪੁਸ਼ਟੀ ਕਰਨ ਲਈ 2 ਐੱਸ ਐੱਲ ਜੀ ਬੀ ਟੀ ਕਿਊ+ ਵਾਲੀ ਸਮੱਗਰੀ, ਪੋਸਟਰ, ਅਤੇ ਚਿੰਨ ਕਲਾਸ ਰੂਮ ਦੇ ਮਾਹੌਲ ਦਾ ਹਿੱਸਾ ਹੋ ਸਕਦੇ ਹਨ।

### ਵਿਦਿਆਰਥੀਆਂ ਦੀ ਸਿੱਖਿਆ:

- **ਸ਼ਮੂਲੀਅਤ ਵਾਲੇ ਵਿਹਾਰ:** ਜਾਗਰੂਕਤਾ ਵਿੱਚ ਵਾਧਾ ਕਰਨ ਲਈ ਅਤੇ ਪੂਰਵ ਧਾਰਨਾਵਾਂ (ਸਟੀਰੀਓਟਾਇਪਸ) ਨੂੰ ਚੁਣੌਤੀ ਦੇਣ ਲਈ ਪਾਠਾਂ ਵਿੱਚ 2ਐੱਸ ਐੱਲ ਜੀ ਬੀ ਟੀ ਕਿਊ+ ਨਾਲ ਸੰਬੰਧਿਤ ਵਿਅਕਤੀਆਂ ਅਤੇ ਪਰਿਵਾਰਾਂ ਬਾਰੇ ਕਹਾਣੀਆਂ, ਇਤਿਹਾਸ, ਉਹਨਾਂ ਵਲੋਂ ਪਾਏ ਯੋਗਦਾਨ ਅਤੇ ਉਹਨਾਂ ਸਾਹਮਣੇ ਆਈਆਂ ਚੁਣੌਤੀਆਂ ਸ਼ਾਮਲ ਹੋ ਸਕਦੀਆਂ ਹਨ।
- **ਵੰਨ-ਸੁਵੰਨਾ ਸਾਹਿਤ:** ਤਜਰਬਿਆਂ ਦੀ ਵੰਨ-ਸੁਵੰਨਤਾ ਦਾ ਅਕਸ ਦਿਖਾਉਣ ਲਈ ਟੀਚਰ 2ਐੱਸ ਐੱਲ ਜੀ ਬੀ ਟੀ ਕਿਊ+ ਨਾਲ ਸੰਬੰਧਿਤ ਪਾਤਰਾਂ ਅਤੇ ਥੀਮਾਂ ਵਾਲੀਆਂ ਕਿਤਾਬਾਂ ਅਤੇ ਪੜ੍ਹਨ ਵਾਲੀ ਸਮੱਗਰੀ ਪੜ੍ਹਾ ਸਕਦੇ ਹਨ। ਸਕੂਲ ਦੇ ਵਸੀਲਿਆਂ ਵਿੱਚ ਆਪਣੀ ਨੁਮਾਇੰਦਗੀ ਨੂੰ ਦੇਖਣਾ ਹਰ ਵਿਦਿਆਰਥੀ ਲਈ ਮਹੱਤਵਪੂਰਨ ਹੈ ਅਤੇ ਇਸ ਦੇ ਨਾਲ ਨਾਲ ਸਾਡੀ ਕਮਿਊਨਿਟੀ ਦੀ ਵੰਨ-ਸੁਵੰਨਤਾ ਦਾ ਅਕਸ ਦਿਖਾਈ ਦੇਣਾ ਵੀ ਉਨਾ ਹੀ ਮਹੱਤਵਪੂਰਨ ਹੈ।
- **ਖੁੱਲ੍ਹੇ ਵਿਚਾਰ-ਵਟਾਂਦਰੇ:** ਇਹਨਾਂ ਵਿਸ਼ਿਆ ਨੂੰ ਸਮਝਣ ਅਤੇ ਉਹਨਾਂ ਬਾਰੇ ਦਿਲਚਸਪ ਗੱਲਾਂ-ਬਾਤਾਂ ਕਰਨ ਲਈ ਵਿਦਿਆਰਥੀਆਂ ਲਈ ਸੁਰੱਖਿਅਤ ਥਾਂ ਪੈਦਾ ਕਰ ਕੇ ਟੀਚਰ ਵੱਖਰੀਆਂ ਲਿੰਗਕ ਰੁਚੀਆਂ ਅਤੇ ਲਿੰਗਕ ਪਛਾਣਾਂ ਬਾਰੇ ਖੁੱਲ੍ਹੇ, ਉਮਰ ਮੁਤਾਬਕ ਢੁਕਵੇਂ ਅਤੇ ਆਦਰ ਭਰਪੂਰ ਵਿਚਾਰ ਵਟਾਂਦਰੇ ਵੀ ਕਰ ਸਕਦਾ ਹੈ।

# SOGI ਲਿੰਗਕ ਰੁਚੀ ਅਤੇ ਲਿੰਗਕ ਪਛਾਣ

Surrey Schools
LEADERSHIP IN LEARNING

### ਸਤਿਕਾਰ ਵਾਲੀਆਂ ਨੀਤੀਆਂ ਅਤੇ ਵਿਹਾਰ:

- **ਬੁਲੀਇੰਗ (ਧੱਕੇਸ਼ਾਹੀ) ਬਾਰੇ ਕਦਮ:** ਸਪਸ਼ਟ ਨੀਤੀਆਂ ਅਤੇ ਦਖਲਅੰਦਾਜ਼ੀਆਂ ਰਾਹੀਂ ਸਕੂਲ ਅਤੇ ਡਿਸਟ੍ਰਿਕਟ ਲਿੰਗਕ ਰੁਚੀ ਜਾਂ ਲਿੰਗਕ ਪਛਾਣ ਆਧਾਰਿਤ ਬੁਲੀਇੰਗ (ਧੱਕੇਸ਼ਾਹੀ) ਅਤੇ ਵਿਤਕਰੇ ਨਾਲ ਜ਼ੋਰਦਾਰ ਢੰਗ ਨਾਲ ਨਿਪਟਦੇ ਹਨ।

- **ਸਾਰਿਆਂ ਨੂੰ ਸ਼ਾਮਲ ਕਰਨ ਵਾਲੀਆਂ ਅਸਾਈਨਮੈਂਟਾਂ:** ਅਸਾਈਨਮੈਂਟਾਂ ਅਤੇ ਸਰਗਰਮੀਆਂ ਲਿੰਗ ਆਧਾਰਿਤ ਪੂਰਵਧਾਰਨਾਵਾਂ (ਸਟੀਰੀਓਟਾਇਪਸ) ਤੋਂ ਗੁਰੇਜ ਕਰਦੀਆਂ ਹਨ ਅਤੇ ਵਿਦਿਆਰਥੀਆਂ ਨੂੰ ਆਪਣੇ ਆਪ ਦਾ ਮੌਲਿਕ ਪ੍ਰਗਟਾਵਾ ਕਰਨ ਦਾ ਮੌਕਾ ਦਿੰਦੀਆਂ ਹਨ।

### ਟੀਚਰਾਂ ਦੀ ਟ੍ਰੇਨਿੰਗ ਅਤੇ ਸਮਰਥਨ:

- **ਪ੍ਰੋਫੈਸ਼ਨਲ ਡਿਵੈਲਪਮੈਂਟ:** ਸਾਰੇ ਵਿਦਿਆਰਥੀਆਂ ਦਾ ਬਿਹਤਰ ਸਮਰਥਨ ਕਰਨ ਲਈ ਟੀਚਰਾਂ ਨੂੰ 2ਐੱਸ ਐੱਲ ਜੀ ਬੀ ਟੀ ਕਿਉ+ ਨਾਲ ਸੰਬੰਧਿਤ ਮਸਲਿਆਂ ਅਤੇ ਪੜ੍ਹਾਈ ਲਈ ਸਾਰਿਆਂ ਨੂੰ ਸ਼ਾਮਲ ਕਰਨ ਵਾਲੀਆਂ ਜੁਗਤਾਂ ਬਾਰੇ ਟ੍ਰੇਨਿੰਗ ਮਿਲਦੀ ਹੈ।

- **ਸੁਰੱਖਿਅਤ ਥਾਂਵਾਂ ਪੈਦਾ ਕਰਨਾ:** ਵਿਦਿਆਰਥੀਆਂ ਲਈ ਸਵਾਲ ਪੁੱਛਣ ਅਤੇ ਆਪਣੇ ਤਜਰਬੇ ਸਾਂਝੇ ਕਰਨ ਲਈ ਸੁਰੱਖਿਅਤ ਅਤੇ ਆਦਰ ਭਰਪੂਰ ਥਾਂ ਯਕੀਨੀ ਬਣਾਉਣ ਲਈ ਟੀਚਰ ਸੋਜੀ (SOGI) ਨਾਲ ਸੰਬੰਧਿਤ ਵਿਸ਼ਿਆਂ ਨਾਲ ਹਮਦਰਦੀ ਅਤੇ ਦਿਆਲੂ ਢੰਗ ਨਾਲ ਨਿਪਟਦੇ ਹਨ

### ਸਮਰਥਨ ਕਰਨ ਵਾਲੀਆਂ ਸੇਵਾਵਾਂ:

- **ਕਾਉਂਸਲਿੰਗ ਅਤੇ ਵਸੀਲੇ:** ਸੋਜੀ (SOGI) ਨਾਲ ਸੰਬੰਧਿਤ ਮਸਲਿਆਂ ਜਾਂ ਸਵਾਲਾਂ ਬਾਰੇ ਮਦਦ ਦੀ ਲੋੜ ਵਾਲੇ ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਸਕੂਲ ਕਾਉਂਸਲਿੰਗ ਦੀਆਂ ਸੇਵਾਵਾਂ ਅਤੇ ਵਸੀਲੇ ਪ੍ਰਦਾਨ ਕਰ ਸਕਦੇ ਹਨ।

### ਵਿਦਿਆਰਥੀਆਂ ਦੀ ਅਗਵਾਈ ਹੇਠਲੇ ਉੱਦਮ:

- **ਵੰਨ-ਸੁਵੰਨਤਾ ਵਾਲੀਆਂ ਕਲੱਬਾਂ:** ਕਈ ਐਲੀਮੈਂਟਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਅਗਵਾਈ ਹੇਠ ਚੱਲਣ ਵਾਲੀਆਂ ਕਲੱਬਾਂ ਹਨ ਜਿਹੜੀਆਂ 2ਐੱਸ ਐੱਲ ਜੀ ਬੀ ਟੀ ਕਿਉ+ ਨਾਲ ਸੰਬੰਧਿਤ ਅਤੇ ਹਿਮਾਇਤੀ (ਅਲਾਈਡ) ਵਿਦਿਆਰਥੀਆਂ ਲਈ ਮਦਦ ਕਰਨ ਵਾਲੀਆਂ ਅਤੇ ਸਭ ਨੂੰ ਸ਼ਾਮਲ ਕਰਨ ਵਾਲੀਆਂ ਥਾਂਵਾਂ ਪ੍ਰਦਾਨ ਕਰਦੀਆਂ ਹਨ।

### ਮਾਪਿਆਂ ਅਤੇ ਗਾਰਡੀਅਨਾਂ ਦੀ ਸ਼ਮੂਲੀਅਤ:

- **ਖੁੱਲ੍ਹੀ ਗੱਲਬਾਤ:** ਟੀਚਰ ਅਤੇ ਸਕੂਲ ਸਰੋਕਾਰਾਂ ਬਾਰੇ ਗੱਲਬਾਤ ਕਰਨ ਅਤੇ ਸਾਰਿਆਂ ਦੀ ਸ਼ਮੂਲੀਅਤ ਬਾਰੇ ਵਿਹਾਰਾਂ ਬਾਰੇ ਜਾਣਕਾਰੀ ਦੇਣ ਸਮੇਂ ਪ੍ਰਾਈਵੇਸੀ ਦਾ ਸਤਿਕਾਰ ਕਰਦਿਆਂ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਨਾਲ ਖੁੱਲ੍ਹੀ ਗੱਲਬਾਤ ਕਾਇਮ ਰੱਖਦੇ ਹਨ। ਜੇ ਸੁਰੱਖਿਆ ਬਾਰੇ ਕੋਈ ਸਰੋਕਾਰ ਹੋਣ ਤਾਂ ਸਕੂਲ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਨਾਲ ਸੰਪਰਕ ਕਰਨਗੇ।